**ਪੰਜਾਬ ਸਰਕਾਰ**
**ਮਾਲ ਤੇ ਪੁਨਰਵਾਸ ਵਿਭਾਗ**
**(ਅਸ਼ਟਾਮ ਤੇ ਰਜਿਸਟਰੀ ਸ਼ਾਖਾ)**

ਨੰਬਰ 11/2/2000-ਐਸ.ਟੀ.1/ 12565-84

ਸੇਵਾ ਵਿਖੇ

ਪੰਜਾਬ ਰਾਜ ਦੇ
ਸਮੂਹ ਰਜਿਸਟਰਾਰਜ਼ (ਡਿਪਟੀ ਕਮਿਸ਼ਨਰਜ਼)।

ਚੰਡੀਗੜ੍ਹ, ਮਿਤੀ 6.8.10

ਵਿਸ਼ਾ:- ਟਰਾਂਸਫਰ ਆਫ ਪ੍ਰਾਪਰਟੀ ਐਕਟ, 1882 ਦੀ ਧਾਰਾ 118 ਦੇ ਉਪਬੰਧਾਂ ਨੂੰ ਪੰਜਾਬ ਰਾਜ ਦੇ ਸ਼ਹਿਰੀ ਖੇਤਰਾਂ ਤੱਕ ਵਧਾਉਣ ਬਾਰੇ।

ਸ੍ਰੀਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਪੱਤਰ ਨੰ. 11/2/2000-ਐਸ.ਟੀ.1/2214, ਮਿਤੀ 5-7-2000 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ।

2. ਹਵਾਲਾ ਅਧੀਨ ਪੱਤਰ ਰਾਹੀਂ ਸਰਕਾਰ ਦੇ ਮੀਮੋ ਨੰ. 24/212/87/ਐਸ.ਟੀ.1/5013, ਮਿਤੀ 18-9-89 ਦੇ ਹਵਾਲੇ ਨਾਲ ਕਿਹਾ ਗਿਆ ਸੀ ਕਿ ਨੋਟੀਫਿਕੇਸ਼ਨ ਨੰ.ਐਸ.ਓ.74/ਸੀ.ਏ./4/1882/ਐਸ.1/89, ਮਿਤੀ 10-8-1989 ਰਾਹੀਂ ਟਰਾਂਸਫਰ ਆਫ ਪ੍ਰਾਪਰਟੀ ਐਕਟ, 1882 ਦੀ ਧਾਰਾ 118 ਦੇ ਉਪਬੰਧ ਲਾਗੂ ਕਰਨ ਦੇ ਬਾਵਜੂਦ ਵੀ, ਪੰਜਾਬ ਰਾਜ ਦੇ ਸ਼ਹਿਰੀ ਰਕਬਿਆਂ ਦੇ ਜ਼ੁਬਾਨੀ ਤਬਾਦਲੇ ਅਤੇ ਅਨ-ਰਜਿਸਟਰਡ ਵਸੀਕਿਆਂ ਦੇ ਆਧਾਰ ਤੇ ਇੰਤਕਾਲ ਮੰਨਜ਼ੂਰ ਕੀਤੇ ਜਾਣ ਬਾਰੇ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਇਆ ਸੀ ਅਤੇ ਇਸ ਸਥਿਤੀ ਨੂੰ ਦਰੁੱਸਤ ਕਰਨ ਲਈ ਆਪ ਨੂੰ ਨਿਮਨ ਅਨੁਸਾਰ ਤੁਰੰਤ ਕਾਰਵਾਈ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ:-

i. All such mutations which have been sectioned in violation of Section 118 of Transfer of property Act, 1882 as extended to the Urban areas of State of Punjab vide notification No. S.O.74/C.A./4/1882/S.I./89, dated 10.8.1989 should be reviewed and it may further be ensured that in future the provisions of Act ibid are complied with meticulously.

ii. Disciplinary action may be initiated against the defaulting Revenue Officers/Kanungos / Patwaris who have violated the provisions of the transfer of Property Act as mentioned in (i) above.

iii. A list of mutations of exchange of urban areas sanctioned on the basis of un-registered deals/oral transactions after the issue of notification dated 10.8.1989 referred to (i) above may be supplied to the Inspector General of Registration, Punjab, Jalandhar.

ਆਪ ਨੂੰ ਬੇਨਤੀ ਕੀਤੀ ਗਈ ਸੀ ਕਿ ਅਜਿਹੇ ਸਾਰੇ ਕੇਸਾਂ ਵਿੱਚ 15 ਦਿਨਾਂ ਵਿੱਚ ਇੱਕ ਵਾਰ ਨਜ਼ਰਸਾਨੀ ਕੀਤੀ ਜਾਇਆ ਕਰੇ ਅਤੇ ਕੀਤੀ ਕਾਰਵਾਈ ਬਾਰੇ ਸਰਕਾਰ ਨੂੰ ਰਿਪੋਰਟ ਭੇਜੀ ਜਾਇਆ ਕਰੇ।

3. ਸਰਕਾਰ ਦੇ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਮਾਮਲਿਆਂ ਵਿੱਚ ਵੱਡੀ ਗਿਣਤੀ ਵਿੱਚ ਇੰਤਕਾਲ ਉਕਤ ਨੋਟੀਫਿਕੇਸ਼ਨ ਮਿਤੀ 10-8-89 ਦੀ ਉਲੰਘਣਾ ਕਰਕੇ ਮੰਨਜ਼ੂਰ ਕੀਤੇ ਗਏ

ਹਨ ਅਤੇ ਉਨ੍ਹਾਂ ਵਿੱਚੋਂ ਕੁਝ ਤਾਂ ਮਿਤੀ 15-7-2000 ਨੂੰ ਉਕਤ ਹਦਾਇਤ ਜਾਰੀ ਹੋਣ ਤੋਂ ਬਾਅਦ ਮੰਨਜ਼ੂਰ ਕੀਤੇ ਗਏ ਹਨ। ਸਰਕਾਰ ਨੇ ਇਸ ਸਥਿਤੀ ਬਾਰੇ ਗੰਭੀਰ ਨੋਟਿਸ ਲਿਆ ਹੈ।

4. ਉਪਰੋਕਤ ਅਨੁਸਾਰ ਕਾਨੂੰਨੀ ਉਪਬੰਧਾਂ ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ/ਕਰਮਚਾਰੀਆਂ ਵਿਰੁੱਧ ਕੋਈ ਅਨੁਸ਼ਾਸ਼ਨੀ ਕਾਰਵਾਈ ਨਹੀਂ ਕੀਤੀ ਗਈ ਅਤੇ ਨਾ ਹੀ ਅਜਿਹੇ ਸਮੁੱਚੇ ਇੰਤਕਾਲਾਂ ਨੂੰ ਰੀਵਿਊ ਕੀਤਾ ਗਿਆ ਹੈ।

ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਭਵਿੱਖ ਵਿੱਚ ਉਕਤ ਕਾਨੂੰਨੀ ਉਪਬੰਧਾਂ/ਹਦਾਇਤਾਂ ਦੀ ਉਲੰਘਣਾ ਨਾ ਕੀਤੀ ਜਾਵੇ ਅਤੇ ਹੁਣ ਤੱਕ ਅਜਿਹੇ ਉਲੰਘਣਾ ਦੇ ਸਾਰੇ ਕੇਸਾਂ ਦੀ ਸਥਿਤੀ ਬਾਰੇ ਅਤੇ ਕੁਤਾਹੀਕਾਰਾਂ ਵਿਰੁੱਧ ਅਤੇ ਇੰਤਕਾਲਾਂ ਦੀ ਨਜ਼ਰਸਾਨੀ ਦੀ ਕੀਤੀ ਗਈ ਸਮੁੱਚੀ ਕਾਰਵਾਈ ਬਾਰੇ ਵੀ ਸਰਕਾਰ ਨੂੰ ਰਿਪੋਰਟ ਭੇਜੀ ਜਾਵੇ।

ਇਸ ਪੱਤਰ ਦੀ ਪ੍ਰਾਪਤੀ ਦੀ ਰਸੀਦ ਵੀ ਭੇਜੀ ਜਾਵੇ।

ਆਪ ਜੀ ਦਾ ਵਿਸ਼ਵਾਸ਼ਪਾਤਰ,

ਅਧੀਨ ਸਕੱਤਰ ਮਾਲ (ਹ.ਸ)

12585-742

ਪਿੱ.ਅ.ਨੰ.11/2/2000-ਐਸ.ਟੀ.1/ ਚੰਡੀਗੜ੍ਹ, ਮਿਤੀ 6.8.10

ਇੱਕ-ਇੱਕ ਉਤਾਰਾ ਨਿਮਨ ਦਰਜ ਨੂੰ ਤੁਰੰਤ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਰਾਜ ਦੇ ਸਮੂਹ ਕਮਿਸ਼ਨਰਜ਼,
2) ਇੰਸਪੈਕਟਰ ਜਨਰਲ ਆਫ ਰਜਿਸਟਰੇਸ਼ਨ, ਪੰਜਾਬ, ਕਪੂਰਥਲਾ ਰੋਡ, ਜਲੰਧਰ ਨੂੰ ਉਨ੍ਹਾਂ ਦੇ ਪੱ.ਨੰ. ਐਲ-1/8-216/620, ਮਿਤੀ 30-7-10 ਦੇ ਹਵਾਲੇ ਵਿੱਚ।
3) ਰਾਜ ਦੇ ਸਮੂਹ ਸਬ ਰਜਿਸਟਰਾਰ/ਸੰਯੁਕਤ ਸਬ ਰਜਿਸਟਰਾਰ (ਤਹਿਸੀਲਦਾਰ/ਨਾਇਬ ਤਹਿਸੀਲਦਾਰ)।

ਅਧੀਨ ਸਕੱਤਰ ਮਾਲ (ਹ.ਸ)